# ਮਾਊਂਟੇਨ ਡਯੂ ਨੇ ਕਿਗਸ ਐਕਸ. ਆਈ ਪੰਜਾਬ ਦੇ ਨਾਲ ਗਠਜੋੜ ਕੀਤਾ

ਲੁਧਿਆਣਾ ਫ , 5 ਮਾਰਚ (ਸਚਦੇਵਾ) - ਮਾਊਂਟੇਨ ਡਯੂ, ਪੈਪਸਿਕੋ ਇੰਡੀਆ ਦੀ ਉਤਪਾਦ ਸੂਚੀ 'ਚ ਪਿਛਲੇ ਲਗਾਤਾਰ ਤਿੰਨ ਸਾਲਾਂ ਤੋਂ ਕਾਰਬੋਨੇਟਿਡ ਸਾਫਟ ਡਰਿੰਕ ਸ਼੍ਰੇਣੀ 'ਚ ਲਗਾਤਾਰ ਤੇਜ਼ੀ ਨਾਲ ਅੱਗੇ ਵੱਧ ਰਿਹਾ ਪੀਣ ਵਾਲਾ ਪਦਾਰਥ ਇੱਕ ਵਾਰ ਫਿਰ ਤੋਂ ਅਜਿਹਾ ਕਰ ਰਿਹਾ ਹੈ ਅਤੇ ਇਸ ਵਾਰ ਕਿੰਗਸ ਐਕਸ . ਆਈ ਪੰਜਾਬ ਦੇ ਨਾਲ ਅਧਿਕਾਰਿਕ ਪੇਅ ਪਾਰਟਨਰ ਦੇ ਰੂਪ 'ਚ ਜੁੜ ਕੇ ਇੱਕ ਅਜਿਹੇ ਕ੍ਰਿਕੇਟ ਫੀਵਰ ਦੀ ਸ਼ੁਰੂਆਤ ਕਰਨ ਵਾਲਾ ਹੈ ਜੋ ਪਹਿਲਾ ਕਦੇ ਨਹੀਂ ਵੇਖਿਆ ਗਿਆ। ਮਾਊਂਟੇਨ ਡਯੂ, ਕੇ .ਐਕਸ .ਆਈ.ਪੀ ਦੇ ਲਈ ਇੱਕ ਸੰਪੂਰਨ ਪਾਰਟਨਰ ਹੈ, ਜਿਸ 'ਚ ਆਪਣੀ ਊਰਜਾ ਸਜੀਵਤਾ ਅਤੇ ਲੋੜ ਦੇ ਨਾਲ ਪਿਛਲੇ ਦੋ ਇੰਡੀਆ ਪ੍ਰੀਮਿਅਰ ਲੀਗ 'ਆਈ.ਪੀ.ਐਲ' ਸ਼ੈਸ਼ਨਾਂ 'ਚ ਆਪਣੀ ਅਸਲੀ ਪੰਜਾਬੀ ਭਾਵਨਾ ਦਾ ਪ੍ਰਦਰਸ਼ਨ ਕੀਤਾ ਹੈ। ਕੇ.ਐਕਸ.ਆਈ.ਪੀ ਪਿਛਲੇ ਆਈ.ਪੀ. ਐਲ. 'ਚ ਸਭ ਤੋਂ ਵੱਧ ਮਸ਼ਹੂਰ ਤੇ ਸ਼ਲਾਘਾਯੋਗ ਟੀਮਾਂ ਵਿੱਚੋਂ ਇੱਕ ਰਹੀਂ ਹੈ ਅਤੇ ਇਸ ਸਾਲ ਆਈ.ਪੀ.ਐਲ. ਜਿੱਤਣ ਵਾਲੇ ਪਸੰਦੀਦਾ ਤੇ ਸਭ ਤੋਂ ਮਜ਼ਬੂਤ ਦਾਵੇਦਾਰਾਂ ਵਿੱਚੋਂ ਇੱਕ ਹੈ। ਜਵਾਂਜੋਸ਼ ਅਤੇ ਰੋਮਾਂਚ ਦੀ ਖਾਸੀਅਤ ਦੇ ਨਾਲ, ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ ਉਤਰੀ ਰਾਜਾਂ 'ਚ ਪਸੰਦੀਦਾ ਪੇਅ ਬ੍ਰਾਂਡ ਮਾਊਂਟੇਨ ਡਯੂ ਨੇ ਅੱਜ ਇੱਕ ਅਨੋਖੀ ਖਪਤਕਾਰ ਮੁਹਿੰਮ ਦੀ ਸ਼ੁਰੂਆਤ ਕੀਤੀ ਜਿਸ 'ਚ ਖੇਡਾਂ ਦੇ ਅਸਲੀ ਪ੍ਰੇਮੀਆਂ ਨੂੰ ਆਪਣੀ ਪਸੰਦੀਦਾ ਆਈ.ਪੀ.ਐਲ. ਟੀਮ ਕੇ.ਐਕਸ.ਆਈ. ਪੀ. ਦੇ ਕ੍ਰਿਕੇਟ ਸਿਤਾਰਿਆਂ ਦੇ ਖਿਲਾਫ਼ ਖੇਡਣ ਦਾ ਇੱਕ ਮੌਕਾ ਮਿਲੇਗਾ।